# ਦਿ ਡਰਾਈਵ



ਸਤੰਬਰ 2026

ਅੰਕ 34

## ਇਸ ਐਡੀਸ਼ਨ ਵਿੱਚ

1 ਜੁਲਾਈ 2026 ਨੂੰ, 2026 ਦਾ ਨਿਯੂਨਤਮ ਨਿਯੰਤਰਿਤ ਰੇਟਾਂ ਵਿੱਚ ਵਾਧਾ ਲਾਗੂ ਹੋਇਆ। ਓ ਬੀ ਸੀ ਸੀ ਟੀ ਸੀ ਨੇ ਸਾਰੇ ਡਰਾਈਵਰਾਂ ਨੂੰ ਦਿੱਤੇ ਜਾਣ ਵਾਲੇ ਨਿਯੂਨਤਮ ਨਿਯੰਤਰਿਤ ਰੇਟਾਂ ਵਿੱਚ 2.1% ਦਾ ਵਾਧਾ ਕੀਤਾ। ਇਹ ਸਾਲਾਨਾ ਰੇਟ ਸਮਾਯੋਜਨ ਕਮਿਸ਼ਨਰ ਦੀ ਸਾਲਾਨਾ ਰੇਟ ਤਬਦੀਲੀਆਂ ਨੂੰ ਔਸਤ ਸਾਲਾਨਾ ਬੀ ਸੀ ਖਪਤਕਾਰ ਮੁੱਲ ਸੂਚਕਾਂਕ (ਸੀ ਪੀ ਆਈ) ਨਾਲ ਜੋੜਨ ਦੀ ਸਥਾਪਿਤ ਨੀਤੀ ਨੂੰ ਦਰਸਾਉਂਦਾ ਹੈ, ਜੋ ਕਿ ਵਧਦੀਆਂ ਲਾਗਤਾਂ ਦੇ ਜਾਰੀ ਰਹਿੰਦੇ ਨਿਰਪੱਖ ਡਰਾਈਵਰ ਤਨਖਾਹਾਂ ਦੀ ਰੱਖਿਆ ਕਰਦੇ ਹੋਏ ਚੱਲ ਰਹੀ ਸੰਚਾਲਨ ਭਵਿੱਖਬਾਣੀ ਨੂੰ ਯਕੀਨੀ ਬਣਾਉਂਦਾ ਹੈ।

ਅਸੀ ਇਹ ਯਕੀਨੀ ਬਣਾਉਣ ਲਈ ਵੀ ਪੂਰੀ ਤਰਹਾਂ ਵਚਨਬੱਧ ਹੈ ਕਿ ਡਰਾਈਵਰਾਂ ਨੂੰ *ਕੰਟੇਨਰ ਟਰੱਕਿੰਗ ਐਕਟ* ਦੇ ਤਹਿਤ ਉਹਨਾਂ ਦੀ ਕਮਾਈ ਗਈ ਸਾਰੀ ਰਕਮ ਮਿਲੇ। ਓ ਬੀ ਸੀ ਸੀ ਟੀ ਸੀ ਵਿਸ਼ੇਸ਼ ਆਡਿਟਾਂ, ਸਖ਼ਤ ਲਾਗੂਕਰਨ ਫ਼ੈਸਲਿਆਂ, ਸਕਿਊਰਿਟੀ ਬਾਂਡਾਂ ਦੀ ਵਸੂਲੀ ਅਤੇ ਡਰਾਈਵਰਾਂ ਦੀਆਂ ਸ਼ਿਕਾਇਤਾਂ ਦੀ ਸਰਗਰਮ ਸਮੀਖਿਆ ਰਾਹੀ ਵੱਖ-ਵੱਖ ਮਾਮਲਿਆਂ ਦੀ ਜਾਂਚ ਕਰਦਾ ਹੈ। ਇਸਦਾ ਉਦੇਸ਼ ਡਰਾਈਵਰਾਂ ਨੂੰ ਘੱਟ ਭੁਗਤਾਨ ਕੀਤੇ ਜਾਣ ਨੂੰ ਖਤਮ ਕਰਨਾ, ਗਲਤ ਵਰਗੀਕਰਨ ਨੂੰ ਰੋਕਣਾ ਅਤੇ *ਕੰਟੇਨਰ ਟਰੱਕਿੰਗ ਐਕਟ*, *ਕੰਟੇਨਰ ਟਰੱਕਿੰਗ ਰੈਗੂਲੇਸ਼ਨ* ਅਤੇ ਸੀ ਟੀ ਐੱਸ ਲਾਈਸੈਂਸ ਦੀਆਂ ਸ਼ਰਤਾਂ ਦੀ ਪੂਰੀ ਪਾਲਣਾ ਨੂੰ ਯਕੀਨੀ ਬਣਾਉਣਾ ਹੈ।

ਜਿਵੇਂ ਕਿ 'ਤਾਜ਼ਾ ਫ਼ੈਸਲੇ' ਵਿੱਚ ਦਰਸ਼ਾਇਆ ਗਿਆ ਹੈ, ਓ ਬੀ ਸੀ ਸੀ ਟੀ ਸੀ ਨੇ ਹਾਲ ਹੀ ਵਿੱਚ ਪ੍ਰਭਾਵਿਤ ਡਰਾਈਵਰਾਂ ਨੂੰ ਉਹਨਾਂ ਦੀਆਂ ਬਕਾਇਆ ਰਕਮਾਂ ਵਸੂਲ ਕਾਰਵਾਈਆਂ, ਜੋ ਕਿ ਇਸ ਗੱਲ ਦਾ ਪ੍ਰਮਾਣ ਹੈ ਕਿ ਅਸੀ ਇਹ ਯਕੀਨੀ ਬਣਾਉਣ ਲਈ ਦਰਿੜ ਹਾਂ ਕਿ ਡਰਾਈਵਰਾਂ ਨੂੰ ਉਹਨਾਂ ਦੀ ਕਮਾਈ ਦਾ ਇੱਕ-ਇੱਕ ਡਾਲਰ ਮਿਲੇ।

ਓ ਬੀ ਸੀ ਸੀ ਟੀ ਸੀ ਲੋਅਰ ਮੇਨਲੈਂਡ ਦੇ ਡਰੇਜ ਖੇਤਰ ਵਿੱਚ ਨਿਰਪੱਖਤਾ, ਪਾਰਦਰਸ਼ਤਾ ਅਤੇ ਸਭ ਲਈ ਬਰਾਬਰ ਦੇ ਮੌਕੇ ਬਣਾਈ ਰੱਖਣ ਲਈ ਆਪਣੀਆਂ ਦਰਿੜ ਕੋਸ਼ਿਸ਼ਾਂ ਨੂੰ ਜਾਰੀ ਰੱਖ ਰਿਹਾ ਹੈ।

ਸੱਚੇ ਦਿਲੋਂ,

ਗਲੈਂਨ ਮੈਕਇੰਨਸ

ਕੰਟੇਨਰ ਟਰੱਕਿੰਗ ਕਮਿਸ਼ਨਰ

## ਲਾਈਸੈਂਸੀਸ ਅਤੇ ਡਰਾਈਵਰਾਂ ਲਈ ਸ੍ਰੋਤ

**ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ**
604-660-6051
obcctc.ca

**ਕੌਨਫ਼ੀਡੈਂਸ਼ਲ ਡਰੇਅਜ ਕੰਪਲੇਂਟ ਲਾਈਨ (ਕੌਨਫ਼ੀਡੈਂਸਲਾਈਨ)**
1-877-713-5109
obcctc.ca/confidence-line

**ਵੈਨਕੂਵਰ ਫਰੇਜ਼ਰ ਪੋਰਟ ਅਥਾਰਿਟੀ ਟੀ ਐੱਲ ਐੱਸ ਐਡਮਨਿਸਟਰੇਟਰ**
604-665-9333

**ਓ ਬੀ ਸੀ ਸੀ ਟੀ ਸੀ ਰੇਟ ਆਰਡਰ**
obcctc.ca/rate-order

**ਓ ਬੀ ਸੀ ਸੀ ਟੀ ਸੀ ਦੇ ਫ਼ੈਸਲੇ**
obcctc.ca/decisions

**ਓ ਬੀ ਸੀ ਸੀ ਟੀ ਸੀ ਦੀਆਂ ਪਾਲਸੀਆਂ**
obcctc.ca/policies

**ਓ ਬੀ ਸੀ ਸੀ ਟੀ ਸੀ ਇੰਡਸਟਰੀ ਮਿਮੋਜ਼**
obcctc.ca/industry-communications

***ਕੰਟੇਨਰ ਟਰੱਕਿੰਗ ਐਕਟ***
obcctc.ca/act

***ਕੰਟੇਨਰ ਟਰੱਕਿੰਗ ਰੈਗੂਲੇਸ਼ਨ***
obcctc.ca/regulation

# ਨਵਾਂ ਕੀ ਹੈ

## 2026 ਸੀ ਟੀ ਐੱਸ ਲਾਈਸੈਂਸ

2026 ਸੀ ਟੀ ਐੱਸ ਲਾਈਸੈਂਸ ਲਈ ਅਰਜ਼ੀ ਦੇਣ ਦੀ ਮਿਆਦ ਸਮਾਪਤ ਹੋਣ ਤੋਂ ਬਾਅਦ, 4 ਅਗਸਤ 2026 ਨੂੰ ਸਫ਼ਲ ਬਿਨੈਕਾਰਾਂ ਨੂੰ ਕੰਡਿਸ਼ਨਲ ਐਪਰੂਵਲ ਪੱਤਰ ਜਾਰੀ ਕੀਤੇ ਗਏ। ਜਿਹਨਾਂ ਕੰਪਨੀਆਂ ਨੂੰ ਇਹ ਸ਼ਰਤੀਆ ਮਨਜ਼ੂਰੀਆਂ ਮਿਲੀਆਂ ਹਨ, ਉਹਨਾਂ ਨੂੰ ਵਾਧੂ ਜਾਣਕਾਰੀ ਮੁਹੱਈਆ ਕਰਨ ਲਈ ਖਾਸ ਸਮਾਂ-ਸੀਮਾਵਾਂ ਦਿੱਤੀਆਂ ਗਈਆਂ ਹਨ। ਨਵੇਂ 2026 ਸੀ ਟੀ ਐੱਸ ਲਾਈਸੈਂਸ ਅਧਿਕਾਰਤ ਤੌਰ 'ਤੇ 1 ਦਸੰਬਰ 2026 ਤੋਂ ਲਾਗੂ ਹੋਣਗੇ, ਜਿਹਨਾਂ ਨਾਲ ਲੋਅਰ ਮੇਨਲੈਂਡ ਦੇ ਡਰੇਜ ਖੇਤਰ ਵਿੱਚ ਲੰਬੇ ਸਮੇਂ ਦੀ ਸਥਿਰਤਾ ਅਤੇ ਵਪਾਰਕ ਅਨੁਮਾਨਯੋਗਤਾ ਨੂੰ ਉਤਸ਼ਾਹਿਤ ਕਰਨ ਲਈ ਤਿੰਨ ਸਾਲਾਂ ਦੀ ਲਾਈਸੈਂਸ ਮਿਆਦ ਦੀ ਸ਼ੁਰੂਆਤ ਕੀਤੀ ਜਾਵੇਗੀ।

## ਇੰਟਰਐਕਟਿਵ ਡਰਾਈਵਰ ਓਵਰਟਾਈਮ ਕੈਲਕੁਲੇਟਰ ਹੁਣ ਉਪਲਬਧ ਹੈ

ਓ ਬੀ ਸੀ ਸੀ ਟੀ ਸੀ ਨੇ ਇੱਕ 'ਓਵਰਟਾਈਮ ਕੈਲਕੁਲੇਟਰ' ਜਾਰੀ ਕੀਤਾ ਹੈ ਤਾਂ ਜੋ ਡਿਰੇਕਟਲੀ ਐਮਪਲੋਏਡ ਓਪਰੇਟਰਾਂ (ਕੰਪਨੀ ਡਰਾਈਵਰਾਂ) ਅਤੇ ਇੰਡੀਰੇਕਟਲੀ ਐਮਪਲੋਏਡ ਓਪਰੇਟਰਾਂ (ਆਈ ਈ ਓ) ਨੂੰ ਇੱਕ ਕੰਮ ਦੇ ਹਫ਼ਤੇ ਵਿੱਚ ਨਿਯਮਿਤ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਬਣਦੇ ਰੋਜ਼ਾਨਾ ਅਤੇ ਹਫ਼ਤਾਵਾਰੀ ਓਵਰਟਾਈਮ ਦੀ ਆਸਾਨੀ ਨਾਲ ਗਣਨਾ ਕਰਨ ਵਿੱਚ ਮਦਦ ਮਿਲ ਸਕੇ। ਇਹ ਡਿਜੀਟਲ ਟੂਲ ਓਵਰਟਾਈਮ ਦੀ ਗਣਨਾ ਨੂੰ ਸਰਲ ਬਣਾਉਂਦਾ ਹੈ ਅਤੇ ਪੂਰੇ ਉਦਯੋਗ ਵਿੱਚ ਰੇਟਾਂ ਦੀ ਪਾਲਣਾ ਅਤੇ ਪਾਰਦਰਸ਼ੀ ਰਿਕਾਰਡ-ਕੀਪਿੰਗ ਨੂੰ ਉਤਸ਼ਾਹਿਤ ਕਰਦਾ ਹੈ।

**ਓ ਬੀ ਸੀ ਸੀ ਟੀ ਸੀ ਓਵਰਟਾਈਮ ਕੈਲਕੁਲੇਟਰ ਲਈ ਇੱਥੇ ਕਲਿਕ ਕਰੋ**

# ਨਿਯਮਾਂ ਦੀ ਪਾਲਣਾ ਬਾਰੇ ਓ ਬੀ ਸੀ ਸੀ ਟੀ ਸੀ ਵੱਲੋਂ ਤਾਜ਼ਾ ਜਾਣਕਾਰੀ

**8 ਮਿਲੀਅਨ ਡਾਲਰ ਬਕਾਇਆ ਤਨਖਾਹਾਂ ਡਰਾਈਵਰਾਂ ਨੂੰ ਦੁਆਈਆਂ ਗਈਆਂ**

**ਜੁਰਮਾਨੇ ਵਿੱਚ 2.1 ਮਿਲੀਅਨ ਡਾਲਰ ਦਾ ਮੁਲਾਂਕਣ ਕੀਤਾ ਗਿਆ**

**ਅੱਜ ਤੱਕ ਲਾਈਸੈਂਸੀ ਸਕਿਉਰਿਟੀ ਬਾਂਡਾਂ ਵਿੱਚ 26.7 ਮਿਲੀਅਨ ਡਾਲਰ**

**ਅੱਜ ਤੱਕ ਲਗਭਗ 2.3 ਮਿਲੀਅਨ ਡਾਲਰ ਸਕਿਉਰਿਟੀ ਬਾਂਡਾਂ ਰਾਹੀ ਪ੍ਰਾਪਤ ਕੀਤੇ ਗਏ**

**ਅੱਜ ਤੱਕ ਮੁਅੱਤਲ ਕੀਤੇ ਗਏ ਲਾਈਸੈਂਸ - 5**

**ਅੱਜ ਤੱਕ ਰੱਦ ਕੀਤੇ ਗਏ ਲਾਈਸੈਂਸ - 20**






# ਤਾਜ਼ਾ ਫ਼ੈਸਲੇ

## ਸੁਪਰ ਸਟਾਰ ਟਰੱਕਿੰਗ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 9/2026)

ਸੀ ਟੀ ਸੀ ਫ਼ੈਸਲਾ ਨੰ 04/2026 ਵਿੱਚ, ਕਮਿਸ਼ਨਰ ਨੇ ਸੁਪਰ ਸਟਾਰ ਟਰੱਕਿੰਗ ਲਿਮਿਟਿਡ 'ਤੇ ਤਨਖਾਹਾਂ ਦੀ ਘੱਟ ਅਦਾਇਗੀ ਅਤੇ ਨਿਯਮਾਂ ਦੇ ਅਨੁਸਾਰ ਰਿਕਾਰਡ ਨਾ ਰੱਖਣ ਲਈ ਇੱਕ ਪ੍ਰਸ਼ਾਸਕੀ ਜੁਰਮਾਨਾ ਜਾਰੀ ਕੀਤਾ। ਕਮਿਸ਼ਨਰ ਨੇ ਸਮਾਂ-ਸੀਮਾ ਦੇ ਅੰਦਰ ਆਪਣੇ ਡਰਾਈਵਰਾਂ ਨੂੰ ਭੁਗਤਾਨ ਕਰਨ ਵਿੱਚ ਅਸਫ਼ਲ ਰਹਿਣ ਤੋਂ ਬਾਅਦ ਸੁਪਰ ਸਟਾਰ ਟਰੱਕਿੰਗ ਲਿਮਿਟਿਡ ਦਾ ਸਕਿਉਰਿਟੀ ਬਾਂਡ ਖੋਲਿਆ। ਜਦੋਂ ਉਹ ਨਿਰਧਾਰਤ ਸਮਾਂ ਸੀਮਾ ਤੱਕ ਆਪਣਾ ਬਾਂਡ ਮੁੜ ਸਥਾਪਿਤ ਕਰਨ ਅਤੇ ਪ੍ਰਸ਼ਾਸਕੀ ਜੁਰਮਾਨਾ ਅਦਾ ਕਰਨ ਵਿੱਚ ਅਸਫ਼ਲ ਰਹੇ, ਤਾਂ ਕਮਿਸ਼ਨਰ ਨੇ ਸੀ ਟੀ ਸੀ ਫ਼ੈਸਲਾ ਨੂੰ 09/2026 ਵਿੱਚ ਸੁਪਰ ਸਟਾਰ ਟਰੱਕਿੰਗ ਲਿਮਿਟਿਡ ਦੇ ਸੀ ਟੀ ਐੱਸ ਲਾਈਸੈਂਸ ਨੂੰ 17 ਸਤੰਬਰ, 2026 ਤੋਂ ਰੱਦ ਕਰ ਦਿੱਤਾ।

***ਕਮਿਸ਼ਨਰ ਗਲੈੱਨ ਮੈਕਇੰਨਸ ਦੀ ਸੁਪਰ ਸਟਾਰ ਟਰੱਕਿੰਗ ਲਿਮਿਟਿਡ ਦੇ ਇੱਕ ਡਰਾਈਵਰ ਨਾਲ ਝਲਕ ਵੇਖੋ ਜਿਸ ਨੂੰ ਆਪਣੀ ਬਕਾਇਆ ਤਨਖਾਹ ਵਾਪਸ ਮਿਲੀ ਹੈ।***



## ਅਮੈਲਗਮੇਟਿਡ ਟਰਾਂਸਪੋਰਟ ਸਿਸਟਮਜ਼ ਇੰਕ. (ਸੀ ਟੀ ਸੀ ਫ਼ੈਸਲਾ ਨੰ. 3/2026)

ਅਮੈਲਗਮੇਟਿਡ ਟਰਾਂਸਪੋਰਟ ਸਿਸਟਮਜ਼ ਇੰਕ. ਨੂੰ ਡਰਾਈਵਰਾਂ ਨੂੰ ਘੱਟ ਤਨਖਾਹ ਦੇਣ, ਰਿਕਾਰਡ ਰੱਖਣ ਦੇ ਨਿਯਮਾਂ ਦੀ ਉਲੰਘਣਾ ਕਰਨ, ਅਤੇ ਫ਼ਿਊਲ ਦੀਆਂ ਗੈਰ-ਕਾਨੂੰਨੀ ਕਟੌਤੀਆਂ ਦੇ ਸੰਬੰਧ ਵਿੱਚ ਡਰਾਈਵਰਾਂ 'ਤੇ ਦਬਾਅ ਪਾਣ ਕਰਕੇ *ਕੰਟੇਨਰ ਟਰੱਕਿੰਗ ਐਕਟ* ਅਤੇ *ਕੰਟੇਨਰ ਟਰੱਕਿੰਗ ਰੈਗੂਲੇਸ਼ਨ* ਦੀ ਉਲੰਘਣਾ ਕਰਦੇ ਪਾਇਆ ਗਿਆ। ਕਮਿਸ਼ਨਰ ਨੇ ਅਮੈਲਗਮੇਟਿਡ ਟਰਾਂਸਪੋਰਟ ਸਿਸਟਮਜ਼ ਇੰਕ. ਨੂੰ ਆਪਣੇ ਡਰਾਈਵਰਾਂ ਨੂੰ 140,311.13 ਡਾਲਰ ਬਕਾਇਆ ਤਨਖਾਹਾਂ ਦੇਣ ਦਾ ਹੁਕਮ ਦਿੱਤਾ ਅਤੇ ਲਾਈਸੈਂਸ ਰੱਦ ਕਰਨ ਦੀ ਪੁਸ਼ਟੀ ਕਰਦੇ ਹੋਏ ਇੱਕ ਡਿਸੀਜ਼ਨ ਨੋਟਿਸ ਜਾਰੀ ਕੀਤਾ। ਅਮੈਲਗਮੇਟਿਡ ਟਰਾਂਸਪੋਰਟ ਸਿਸਟਮਜ਼ ਇੰਕ. ਨੇ ਰੀਕਨਸਿਡਰੇਸ਼ਨ ਲਈ ਅਰਜ਼ੀ ਦਿੱਤੀ ਹੈ ਅਤੇ ਰੀਕਨਸਿਡਰੇਸ਼ਨ ਫ਼ੈਸਲੇ ਦੇ ਨਤੀਜੇ ਤੱਕ ਲਾਈਸੈਂਸ ਰੱਦ ਕਰਨ 'ਤੇ ਕੋਰਟ ਤੋਂ ਅੰਤਰਿਮ ਰੋਕ ਪ੍ਰਾਪਤ ਕੀਤੀ ਹੈ। ਸੁਪਰੀਮ ਕੋਰਟ ਦੇ ਸਟੇਅ ਦੇ ਫ਼ੈਸਲੇ ਨੂੰ ਓ ਬੀ ਸੀ ਸੀ ਟੀ ਸੀ ਵੈੱਬਸਾਈਟ 'ਤੇ ਵੇਖਿਆ ਜਾ ਸਕਦਾ ਹੈ।

## ਏ ਸੀ ਟਰਾਂਸਪੋਰਟ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 2/2026)

ਏ ਸੀ ਟਰਾਂਸਪੋਰਟ ਲਿਮਿਟਿਡ ਨੂੰ ਡਰਾਈਵਰਾਂ ਨੂੰ ਘੱਟ ਤਨਖਾਹ ਦੇਣ, ਰਿਕਾਰਡ ਰੱਖਣ ਦੇ ਨਿਯਮਾਂ ਦੀ ਉਲੰਘਣਾ ਕਰਨ, ਅਤੇ ਫ਼ਿਊਲ ਦੀਆਂ ਗੈਰ-ਕਾਨੂੰਨੀ ਕਟੌਤੀਆਂ ਦੇ ਸੰਬੰਧ ਵਿੱਚ ਡਰਾਈਵਰਾਂ 'ਤੇ ਦਬਾਅ ਪਾਣ ਕਰਕੇ *ਕੰਟੇਨਰ ਟਰੱਕਿੰਗ ਐਕਟ* ਅਤੇ *ਕੰਟੇਨਰ ਟਰੱਕਿੰਗ ਰੈਗੂਲੇਸ਼ਨ* ਦੀ ਉਲੰਘਣਾ ਕਰਦੇ ਪਾਇਆ ਗਿਆ। ਕਮਿਸ਼ਨਰ ਨੇ ਏ ਸੀ ਟਰਾਂਸਪੋਰਟ ਲਿਮਿਟਿਡ ਨੂੰ ਆਪਣੇ ਡਰਾਈਵਰਾਂ ਨੂੰ 230,666.17 ਡਾਲਰ ਬਕਾਇਆ ਤਨਖਾਹਾਂ ਦੇਣ ਦਾ ਹੁਕਮ ਦਿੱਤਾ ਅਤੇ ਲਾਈਸੈਂਸ ਰੱਦ ਕਰਨ ਦੀ ਪੁਸ਼ਟੀ ਕਰਦੇ ਹੋਏ ਇੱਕ ਡਿਸੀਜ਼ਨ ਨੋਟਿਸ ਜਾਰੀ ਕੀਤਾ। ਏ ਸੀ ਟਰਾਂਸਪੋਰਟ ਲਿਮਿਟਿਡ ਨੇ ਰੀਕਨਸਿਡਰੇਸ਼ਨ ਲਈ ਅਰਜ਼ੀ ਦਿੱਤੀ ਹੈ ਅਤੇ ਰੀਕਨਸਿਡਰੇਸ਼ਨ ਫ਼ੈਸਲੇ ਦੇ ਨਤੀਜੇ ਤੱਕ ਲਾਈਸੈਂਸ ਰੱਦ ਕਰਨ 'ਤੇ ਕੋਰਟ ਤੋਂ ਅੰਤਰਿਮ ਰੋਕ ਪ੍ਰਾਪਤ ਕੀਤੀ ਹੈ। ਸੁਪਰੀਮ ਕੋਰਟ ਦੇ ਸਟੇਅ ਦੇ ਫ਼ੈਸਲੇ ਨੂੰ ਓ ਬੀ ਸੀ ਸੀ ਟੀ ਸੀ ਵੈੱਬਸਾਈਟ 'ਤੇ ਵੇਖਿਆ ਜਾ ਸਕਦਾ ਹੈ।

**ਓ ਬੀ ਸੀ ਸੀ ਟੀ ਸੀ ਦੇ ਸਾਰੇ ਫ਼ੈਸਲੇ ਇੱਥੇ ਵੇਖੋ**

# ਕੀ ਤੁਸੀਂ ਜਾਣਦੇ ਹੋ?

## ਲਾਗੂਕਰਨ ਦਾ ਰਿਕਾਰਡ

ਓ ਬੀ ਸੀ ਸੀ ਟੀ ਸੀ ਸਾਰੇ ਮੌਜੂਦਾ ਲਾਈਸੈਂਸੀਸ ਦੇ ਲਾਗੂਕਰਨ ਦਾ ਇੱਕ ਰਿਕਾਰਡ ਰੱਖਦਾ ਹੈ ਜੋ ਜਨਤਕ ਤੌਰ 'ਤੇ ਮੌਜੂਦ ਹੈ। ਇਹ ਟੂਲ ਓ ਬੀ ਸੀ ਸੀ ਟੀ ਸੀ ਦੀ ਵੈੱਬਸਾਈਟ 'ਤੇ ਉਪਲਬਧ ਹੈ ਅਤੇ ਪਾਲਣਾ-ਸਬੰਧੀ ਕਾਰਵਾਈਆਂ ਬਾਰੇ ਅਪਡੇਟ ਕੀਤੀ ਜਾਣਕਾਰੀ ਪ੍ਦਾਨ ਕਰਦਾ ਹੈ, ਜਿਸ ਇਸ ਵਿੱਚ ਸੀ ਟੀ ਐੱਸ ਲਾਈਸੈਂਸ ਦੇ ਅਧੀਨ ਕੰਮ ਕਰਨ ਵਾਲੀਆਂ ਕੰਪਨੀਆਂ ਲਈ ਜਾਰੀ ਕੀਤੇ ਗਏ ਫ਼ੈਸਲੇ ਅਤੇ ਜੁਰਮਾਨੇ ਸ਼ਾਮਲ ਹਨ। ਲਾਗੂਕਰਨ ਸਬੰਧੀ ਰਿਕਾਰਡ ਨੂੰ ਆਸਾਨੀ ਨਾਲ ਉਪਲਬਧ ਕਰਵਾਉਣਾ ਲੋਅਰ ਮੇਨਲੈਂਡ ਵਿੱਚ ਕੰਟੇਨਰ ਟਰੱਕਿੰਗ ਉਦਯੋਗ ਦੇ ਅੰਦਰ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਨ ਲਈ ਓ ਬੀ ਸੀ ਸੀ ਟੀ ਸੀ ਵੱਲੋਂ ਚੁੱਕਿਆ ਗਿਆ ਇੱਕ ਹੋਰ ਕਦਮ ਹੈ।

ਇੱਥੇ ਲਾਗੂਕਰਨ ਦਾ ਰਿਕਾਰਡ ਵੇਖੋ

## ਵੇਟ ਟਾਈਮ ਪੇਮੈਂਟਸ

2025 ਦੀ ਤੀਜੀ ਤਿਮਾਹੀ ਦੌਰਾਨ, ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ ਦੇ ਟਰਮੀਨਲਾਂ 'ਤੇ ਕੀਤੀ ਗਈ ਉਡੀਕ ਲਈ ਲਾਈਸੈਂਸੀਸ ਨੂੰ ਭੁਗਤਾਨ ਵੰਡੇ ਗਏ ਹਨ। ਕੁੱਲ ਰਕਮ 186,975.00 ਡਾਲਰ ਸੀ ਅਤੇ ਇਹ 1 ਜੁਲਾਈ 2025 ਤੋਂ 30 ਸਤੰਬਰ 2025 ਦੇ ਵਿਚਕਾਰ ਡੈਲਟਾਪੋਰਟ, ਵੈਨਟਰਮ, ਸੈਂਟਰਮ ਅਤੇ ਫਰੇਜ਼ਰ ਸਰੀ ਡੌਕਸ ਵਿਖੇ ਡਰਾਈਵਰਾਂ ਦੁਆਰਾ ਕੀਤੀ ਗਈ ਉਡੀਕ ਲਈ ਸੀ।

ਇੱਥੇ ਬੁਲੇਟਿਨ ਪੜ੍ਹੋ

## ਗਿਆਰਾਂ ਸਾਲ ਪੂਰੇ ਕਰਕੇ ਅੱਗੇ ਵਧਦੇ ਹੋਏ!



ਓ ਬੀ ਸੀ ਸੀ ਟੀ ਸੀ ਨੇ ਇਸ ਤਿਮਾਹੀ ਵਿੱਚ 11 ਸਾਲਾਂ ਪੂਰੇ ਕਰ ਲਿੱਤੇ ਹਨ! ਇਹਨਾਂ ਗਿਆਰਾਂ ਸਾਲਾਂ ਦੌਰਾਨ, ਸਾਡੇ ਦਫ਼ਤਰ ਨੇ ਬਹੁਤ ਸਾਰੇ ਲਾਈਸੈਂਸੀ ਆਡਿਟ ਕੀਤੇ ਹਨ, ਡਰਾਈਵਰਾਂ ਨੂੰ ਘੱਟ ਭੁਗਤਾਨ ਕੀਤੀ ਗਈ ਲੱਖਾਂ ਡਾਲਰ ਦੀ ਰਾਸ਼ੀ ਵਾਪਸ ਦੁਆਈ ਹੈ, ਅਤੇ ਲੋਅਰ ਮੇਨਲੈਂਡ ਵਿੱਚ ਇੱਕ ਸਥਿਰ ਅਤੇ ਪਾਰਦਰਸ਼ੀ ਕੰਟੇਨਰ ਟਰੱਕਿੰਗ ਖੇਤਰ ਨੂੰ ਸਥਾਪਤ ਕਰਨ ਵਿੱਚ ਮਦਦ ਕੀਤੀ ਹੈ - ਇੱਕ ਅਜਿਹਾ ਮਿਸ਼ਨ ਜਿਸ ਨੂੰ ਅੱਗੇ ਵਧਾਉਣ ਲਈ ਅਸੀ ਪੂਰੀ ਤਰਹਾਂ ਸਮਰਪਿਤ ਹਾਂ।



* ਇਸ 2026 ਦੇ ਤਿਮਾਹੀ ਨਿਊਜ਼ਲੈਟਰ ਦੇ ਪਹਿਲੇ ਸੰਸਕਰਣ ਵਿੱਚ ਅਣਜਾਣੇ ਵਿੱਚ ਇਹ ਗੱਲ ਛੁੱਟ ਗਈ ਸੀ ਕਿ ਪ੍ਕਾਸ਼ਨ ਦੇ ਸਮੇਂ ਦੋ ਲਾਈਸੈਂਸੀਸ ਨੇ ਰੀਕਨਸਿਡਰੇਸ਼ਨ ਲਈ ਅਰਜ਼ੀ ਦਿੱਤੀ ਸੀ ਅਤੇ ਉਸ ਰੀਕਨਸਿਡਰੇਸ਼ਨ ਪ੍ਕਿਰਿਆ ਦੇ ਦੌਰਾਨ ਲਾਈਸੈਂਸ ਦੀ ਰੱਦਗੀ 'ਤੇ ਨਿਆਇਕ ਰੋਕ ਪ੍ਾਪਤ ਕਰ ਲਈ ਸੀ। ਉਸ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਦੋ ਲਾਈਸੈਂਸੀਸ ਵੱਲੋਂ ਡਰਾਈਵਰਾਂ ਦੀਆਂ ਬਕਾਇਆ ਰਕਮਾਂ ਲਾਈਸੈਂਸੀਸ ਦੀ ਸਕਿਉਰਿਟੀ ਵਿੱਚੋਂ ਵਸੂਲ ਕੀਤੀਆਂ ਗਈਆਂ ਸਨ, ਜਦਕਿ ਉਹ ਰਕਮ ਲਾਈਸੈਂਸੀ ਵੱਲੋਂ ਹੀ ਅਦਾ ਕੀਤੀ ਗਈ ਸੀ ਅਤੇ ਸਕਿਉਰਿਟੀ, ਬਾਂਡ ਕੰਪਨੀ ਨੂੰ ਵਾਪਸ ਕਰ ਦਿੱਤੀ ਗਈ ਸੀ। ਅਸੀ ਸੀ ਟੀ ਸੀ ਫ਼ੈਸਲਾ ਨੰ 09/2026 ਵਿੱਚ ਲਾਈਸੈਂਸ ਰੱਦ ਕਰਨ ਦੇ ਕਾਰਨਾਂ ਨੂੰ ਵੀ ਸਪੱਸ਼ਟ ਕੀਤਾ ਹੈ। ਓ ਬੀ ਸੀ ਸੀ ਟੀ ਸੀ ਇਹਨਾਂ ਗਲਤੀਆਂ ਨੂੰ ਸਵੀਕਾਰ ਕਰਦਾ ਹੈ।


OFFICE OF THE
BRITISH COLUMBIA CONTAINER
TRUCKING COMMISSIONER

1085 ਕੈਮਬੀ ਸਟ੍ਰੀਟ, ਵੈਨਕੂਵਰ ਬੀ ਸੀ V6B 5L7
ਫ਼ੋਨ: 604-660-6051 | ਫ਼ੈਕਸ: 604-660-6045 | ਈਮੇਲ: info@obcctc.ca | obcctc.ca